# ਦਫਤਰ ਨਗਰ ਨਿਗਮ ਫਗਵਾੜਾ
**OFFICE OF THE MUNICIPAL CORPORATION PHAGWARA**
TOWN HALL PARK, PHAGWARA-144401
Office: 01824-260426
Website: www.mcphagwara.co.in Email: cmcphagwara123@gmail.com


ਸੇਵਾ ਵਿਖੇ,

ਡਾਇਰੈਕਟਰ,
ਸਥਾਨਕ ਸਰਕਾਰ ਵਿਭਾਗ, ਪੰਜਾਬ,
ਚੰਡੀਗੜ੍ਹ।

ਨੰਬਰ: 1804    ਮਿਤੀ: 22/6/23

**ਵਿਸ਼ਾ:-** **ਕਮਿਸ਼ਨਰ, ਨਗਰ ਨਿਗਮ ਫਗਵਾੜਾ ਜੀ ਵੱਲੋਂ ਮਿਤੀ 22/06/2023 ਨੂੰ ਪਾਸ ਕੀਤੇ ਗਏ ਹੁਕਮਾਂ ਦੀ ਨਕਲ ਸੂਚਨਾ ਹਿੱਤ ਭੇਜਣ ਸਬੰਧੀ।**

ਉਪਰੋਕਤ ਵਿਸ਼ੇ ਸਬੰਧੀ ਕਮਿਸ਼ਨਰ, ਨਗਰ ਨਿਗਮ, ਫਗਵਾੜਾ ਜੀ ਵੱਲੋਂ ਪਾਸ ਕੀਤੇ ਗਏ ਹੁਕਮ ਨੰ: 45 ਮਿਤੀ 22/06/2023 ਦੀ ਨਕਲ ਆਪ ਜੀ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ ਜੀ।

ਨੱਥੀ:- ਉਕਤ ਅਨੁਸਾਰ

ਅਜੰਡਾ ਸੁਪਰਡੰਟ,
ਨਗਰ ਨਿਗਮ, ਫਗਵਾੜਾ।

**ਪਿੱਠ ਅੰਕਣ ਨੰ:** ~~1805~~ 1808    **ਮਿਤੀ:** 22/6/23

ਉਪਰੋਕਤ ਦਾ ਇੱਕ ਉਤਾਰਾ:-

1. ਮਾਨਯੋਗ ਡਵੀਜ਼ਨਲ ਕਮਿਸ਼ਨਰ, ਜਲੰਧਰ ਮੰਡਲ, ਜਲੰਧਰ ਜੀ ਨੂੰ ਸੂਚਨਾਂ ਹਿੱਤ।
2. ਮਾਨਯੋਗ ਡਿਪਟੀ ਕਮਿਸ਼ਨਰ,ਕਪੂਰਥਲਾ ਜੀ ਨੂੰ ਸੂਚਨਾਂ ਹਿੱਤ।
3. ਮਾਨਯੋਗ ਕਮਿਸ਼ਨਰ, ਨਗਰ ਨਿਗਮ, ਫਗਵਾੜਾ ਜੀ ਨੂੰ ਸੂਚਨਾਂ ਹਿੱਤ।
4. ਸਬੰਧਤ ਅਧਿਕਾਰੀ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਅਜੰਡਾ ਸੁਪਰਡੰਟ,
ਨਗਰ ਨਿਗਮ, ਫਗਵਾੜਾ।

# ਦਫਤਰ ਨਗਰ ਨਿਗਮ ਫਗਵਾੜਾ
# OFFICE OF THE MUNICIPAL CORPORATION PHAGWARA
TOWN HALL PARK, PHAGWARA-144401
Office: 01824-260426 Fax: 01824-223260
Website: www.mcphagwara.com Email: comm.mcpgr@punjab.gov.in


ਮਿਤੀ 22/06/2023 ਨੂੰ ਡਾ. ਨਯਨ ਪੀ.ਸੀ.ਐਸ. ਕਮਿਸ਼ਨਰ, ਨਗਰ ਨਿਗਮ, ਫਗਵਾੜਾ ਵੱਲੋ ਹੇਠ ਲਿਖੇ ਅਨੁਸਾਰ ਪ੍ਰਸ਼ਾਸਕੀ ਹੁਕਮ ਪਾਸ ਕੀਤੇ ਗਏ।

| ਲੜੀ ਨੰ. | ਮਤਾ ਨੰ. ਅਤੇ ਮਿਤੀ | ਮਤੇ ਦਾ ਵੇਰਵਾ | ਕਿਰਪਾ ਕਰਕੇ ਸੁਨਿਸ਼ਚਿਤ ਕੀਤਾ ਜਾਵੇ ਕਿ ਮਿਤੀ 10.10.2022 ਰਾਹੀਂ ਪਾਸ ਕੀਤੇ ਗਏ ਨਿਰਦੇਸ਼ ਦੇ ਕਿਸ ਪੁਆਇੰਟ ਤਹਿਤ ਇਹ ਮਤਾ ਦੀ ਤਜਵੀਜ ਕੀਤੀ ਗਈ ਹੈ। | ਕਮਿਸ਼ਨਰ/ਕਾਰਜ ਸਾਧਕ ਅਫਸਰ ਦੁਆਰਾ ਕੀਤੀ ਗਈ ਟਿੱਪਣੀ |
|---|---|---|---|---|
| 1 | 45<br>22/06/2023 | ਰਿਪੋਰਟ ਵੱਲੋ ਲਾਅ ਅਫਸਰ ਕਿ ਨਗਰ ਨਿਗਮ ਫਗਵਾੜਾ ਦੀਆਂ ਵੱਖ-ਵੱਖ ਬ੍ਰਾਂਚਾਂ ਦੇ ਲੀਗਲ ਨੋਟਿਸ ਅਤੇ ਉਨ੍ਹਾਂ ਦੇ ਜਵਾਬ/ਕੋਰਟ ਕੇਸ ਵੱਖ-ਵੱਖ ਮਾਨਯੋਗ ਅਦਾਲਤਾਂ ਵਿੱਚ ਡੀਲ ਕਰਨ ਲਈ ਸਾਲ 2013 ਤੋਂ ਵਕੀਲ ਰਿਟੇਨ ਕੀਤੇ ਹੋਏ ਹਨ, ਜਿਹਨਾਂ ਨੂੰ ਰੁਪਏ 10,000/- ਪ੍ਰਤੀ ਵਕੀਲ/ਪ੍ਰਤੀ ਮਹੀਨਾ ਨਗਰ ਨਿਗਮ ਵੱਲੋਂ ਅਦਾ ਕੀਤੇ ਜਾਂਦੇ ਹਨ ਪ੍ਰੰਤੂ ਇੱਥੇ ਇਹ ਦੱਸਣਾ ਯੋਗ ਹੋਵੇਗਾ ਕਿ ਰਿਟੇਨ ਕੀਤੇ ਵਕੀਲਾਂ ਵੱਲੋਂ ਅਕਸਰ ਹੀ ਆਪਣੇ ਬਿਜ਼ੀ ਸ਼ਡਿਊਲ ਦਾ ਵੇਰਵਾ ਦੇ ਕੇ ਕੋਰਟ ਕੇਸਾਂ ਨੂੰ ਠੀਕ ਤਰ੍ਹਾਂ ਡੀਲ ਨਹੀਂ ਕੀਤਾ ਜਾ ਰਿਹਾ ਅਤੇ ਸਾਰੀ ਜਿੰਮੇਵਾਰੀ ਬ੍ਰਾਂਚਾਂ ਉੱਪਰ ਹੀ ਪਾ ਦਿੱਤੀ ਜਾਂਦੀ ਹੈ। ਇਹਨਾਂ ਕੰਮਾਂ ਲਈ ਨਗਰ ਨਿਗਮ ਦੇ 1 ਜਾਂ 2 ਕਰਮਚਾਰੀ ਅਕਸਰ ਹੀ ਕੋਰਟ ਕੰਪਲੈਕਸ ਵਿੱਚ ਜਾਂਦੇ ਹਨ, ਜਿਸ ਕਾਰਨ ਦਫਤਰ ਦਾ ਕੰਮ ਵੀ ਪ੍ਰਭਾਵਿਤ ਹੁੰਦਾ ਹੈ। ਇਸ ਤੋਂ ਇਲਾਵਾ ਮਾਨਯੋਗ ਅਦਾਲਤਾਂ ਵਿੱਚ ਵੀ ਸ਼ਾਖਾ ਮੁਖੀਆਂ ਵੱਲੋਂ ਪੇਸ਼ੀ/ਤਾਰੀਖ 'ਤੇ ਜਾਣਾ ਪੈਂਦਾ ਹੈ ਜਾਂ ਫਿਰ ਵੱਖਰੇ ਤੌਰ ਪ੍ਰਤੀ ਕੇਸ ਵਕੀਲ ਨੂੰ ਇੰਨਗੇਜ਼ ਕਰਨਾ ਪੈਂਦਾ ਹੈ, ਜਿਸ ਦਾ ਅਲੱਗ ਤੋਂ ਖਰਚਾ ਦੇਣਾ ਪੈਂਦਾ ਹੈ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਜਦੋਂ ਵੀ ਕਿਸੇ ਵੀ ਮਾਨਯੋਗ ਅਦਾਲਤ ਵੱਲੋਂ ਫੈਸਲਾ ਨਗਰ ਨਿਗਮ ਦੇ ਵਿਰੁੱਧ ਹੋ ਜਾਂਦਾ ਹੈ ਤਾਂ ਇਸ ਨਾਲ ਇੱਕ ਤਾਂ ਵਿੱਤੀ ਨੁਕਸਾਨ ਹੁੰਦਾ ਹੈ ਦੂਸਰਾ ਨਗਰ ਨਿਗਮ ਦੇ ਅਕਸ ਨੂੰ ਵੀ ਠੇਸ ਲੱਗਦੀ ਹੈ।<br>ਉਕਤ ਤੱਥਾਂ ਨੂੰ ਮੁੱਖ ਰੱਖਦੇ ਹੋਏ ਤਜ਼ਵੀਜ਼ ਪੇਸ਼ ਕੀਤੀ ਜਾਂਦੀ ਹੈ ਕਿ ਨਗਰ ਨਿਗਮ ਫਗਵਾੜਾ ਵਿਖੇ ਵਕੀਲਾਂ ਦੇ ਪੈਨਲ ਨੂੰ ਰੀਵਿਊ ਕਰਦੇ ਹੋਏ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਫਗਵਾੜਾ ਅਤੇ ਕਪੂਰਥਲਾ ਵਿਖੇ ਵਕੀਲਾਂ ਦਾ ਪੈਨਲ ਗਠਿਤ ਕੀਤਾ ਜਾਵੇ। ਇੱਥੇ ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਕਈ ਵਾਰ ਕਿਸੇ ਮਹੀਨੇ ਨਗਰ ਨਿਗਮ ਦਾ ਕੋਈ ਵੀ ਕੇਸ ਮਾਨਯੋਗ ਅਦਾਲਤ ਵਿੱਚ ਨਹੀਂ ਲੱਗਦਾ ਪ੍ਰੰਤੂ ਵਕੀਲਾਂ ਨੂੰ ਮੌਜੂਦਾ ਪੈਟਰਨ ਅਨੁਸਾਰ ਨਿਰਧਾਰਿਤ ਫੀਸ ਅਦਾ ਕਰਨੀ ਪੈਂਦੀ ਹੀ ਹੈ, ਇਸ ਲਈ ਵਕੀਲਾਂ ਨੂੰ ਕੰਮ ਦੇ ਆਧਾਰ 'ਤੇ (ਭਾਵ ਪ੍ਰਤੀ ਕੇਸ/ਜਵਾਬ) ਫੀਸ | ----- | ਸੂਚਨਾ ਹਿੱਤ। |

ਦਫਤਰ ਨਗਰ ਨਿਗਮ ਫਗਵਾੜਾ
OFFICE OF THE MUNICIPAL CORPORATION PHAGWARA
TOWN HALL PARK, PHAGWARA-144401
Office: 01824-260426 Fax: 01824-223260
Website: www.mcphagwara.com Email: comm.mcpgr@punjab.gov.in

ਨਿਰਧਾਰਿਤ ਕਰਦੇ ਹੋਏ ਇੰਨਗੇਜ਼ ਕੀਤਾ ਜਾਵੇ ਨਾ ਕਿ ਪ੍ਰਤੀ ਮਹੀਨੇ ਦੇ ਹਿਸਾਬ ਨਾਲ, ਜਿਸ ਦਾ ਸਿੱਟਾ ਇਹ ਹੋਵੇਗਾ ਕਿ ਨਗਰ ਨਿਗਮ ਦੇ ਪੈਨਲ ਵਾਲੇ ਵਕੀਲ ਆਪਣਾ ਨਿੱਜੀ ਧਿਆਨ ਦਿੰਦੇ ਹੋਏ ਨਗਰ ਨਿਗਮ ਦੇ ਕੇਸਾਂ ਨੂੰ ਠੀਕ ਤਰੀਕੇ ਨਾਲ ਡੀਲ ਕਰਨਗੇ ਅਤੇ ਨਗਰ ਨਿਗਮ ਨੂੰ ਵਿੱਤੀ ਨੁਕਸਾਨ ਹੋਣ ਤੋਂ ਵੀ ਬਚਾਉਣਗੇ। ਇਸ ਸਬੰਧੀ ਸੰਯੁਕਤ ਸਕੱਤਰ ਸਕੱਤਰ, ਸਥਾਨਕ ਸਰਕਾਰ ਵਿਭਾਗ, ਪੰਜਾਬ ਚੰਡੀਗੜ੍ਹ ਦੇ ਮੀਮੋ ਨੰ 9/28/2002-2LG4/13406/08 ਮਿਤੀ ਚੰਡੀਗੜ੍ਹ 22/07/2004 ਅਨੁਸਾਰ ਹੇਠ ਲਿਖੇ ਵਕੀਲਾ ਦਾ ਪੈਨਲ ਗਠਿਤ ਕੀਤਾ ਜਾਂਦਾ ਹੈ:-

| ਲੜੀ ਨੰ | ਵਕੀਲ ਦਾ ਨਾਮ | ਇੰਨਰੋਲਮੈਂਟ ਨੰਬਰ |
|---|---|---|
| 1 | ਸ਼੍ਰੀ ਅੰਕਿਤ ਢੀਗਰਾ | P/1686/2013 |
| 2 | ਸ਼੍ਰੀ ਕੁਲਦੀਪ ਕੁਮਾਰ | P/660/2002 |
| 3 | ਸ਼੍ਰੀ ਇੰਦਰਜੀਤ ਸਿੰਘ ਥਿੰਦ | P/1080/2006 |
| 4 | ਸ਼੍ਰੀ ਹਿਮਾਂਸ਼ੂ ਪ੍ਰਾਸ਼ਰ | P/986/2001 |
| 5 | ਸ਼੍ਰੀ ਕਰਨਜੋਤ ਸਿੰਘ ਝਿੱਕਾ | P/931/2011 |

ਮਿਤੀ 01/07/2023 ਤੋਂ ਲੀਗਲ ਫੀਸ ਸਰਕਾਰ ਦੀਆ ਸਮੇਂ-ਸਮੇਂ ਸਿਰ ਜਾਰੀ ਹਦਾਇਤਾਂ ਅਨੁਸਾਰ ਅਦਾ ਕੀਤੀ ਜਾਵੇਗੀ ਅਤੇ ਪੁਰਾਣੇ ਪੈਨੱਲ ਦੇ ਤਿੰਨੋ ਵਕੀਲਾਂ ਦੀ ਬਤੌਰ ਲੀਗਲ ਐਡਵਾਈਜਰ ਨਗਰ ਨਿਗਮ ਫਗਵਾੜਾ ਦੀ ਨਿਯੁਕਤੀ ਨੂੰ ਮਿਤੀ 30/06/2023 ਤੋਂ ਖਤਮ ਕੀਤਾ ਜਾਂਦਾ ਹੈ।

ਇੱਥੇ ਇਹ ਦੱਸਣਯੋਗ ਹੈ ਕਿ ਸਥਾਨਕ ਸਰਕਾਰ ਵਿਭਾਗ, ਪੰਜਾਬ ਵੱਲੋ ਜਾਰੀ ਨੋਟੀਫਿਕੇਸ਼ਨ ਨੰ: 5/71/2017/MEO/DA/334 ਮਿਤੀ 23/03/2020 ਰਾਹੀ ਹਾਉਸ ਦੀਆ ਸਾਰੀਆਂ ਸ਼ਕਤੀਆਂ ਕਮਿਸ਼ਨਰ ਨਗਰ ਨਿਗਮ ਨੂੰ ਦਿੱਤੀਆ ਗਈਆ ਹਨ। ਇਸ ਲਈ ਉਕਤ ਸਬੰਧੀ ਪ੍ਰਸ਼ਾਸਕੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

ਤਸਦੀਕੀ ਕਾਪੀ
ਅਜੰਡਾ ਸੁਪਰਡੰਟ
ਨਗਰ ਨਿਗਮ,ਫਗਵਾੜਾ